ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

ਪੰਜਾਬੀ ਯੂਨੀਵਰਸਿਟੀ ਕੈਂਪਸ ਅੰਦਰ ਪਾਇਲਟ ਪ੍ਰਜੈਕਟ ਰਾਹੀਂ 06 ਮਹੀਨੇ ਲਈ ਈ-ਰਿਕਸ਼ਾ ਚਲਾਉਣ ਦੇ ਚਾਹਵਾਨ ਵਿਅਕਤੀ ਆਪਣੀਆਂ ਅਰਜ਼ੀਆਂ ਮਿਤੀ 23-01-18 ਤੱਕ ਰਜਿਸਟਰਾਰ ਦਫ਼ਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦੇ ਸਕਦੇ ਹਨ। ਇਸ ਸਬੰਧੀ ਕੋਈ ਵੀ ਫ਼ਰਮ/ਫ਼ਰਮਾਂ ਕਿਸੇ ਵੀ ਕੰਮ ਕਾਜ ਵਾਲੇ ਦਿਨ ਸੁਰੱਖਿਆ ਵਿਭਾਗ ਤੋਂ ਹੋਰ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੀ ਹੈ। ਈ-ਰਿਕਸ਼ਾ ਪਾਇਲਟ ਪ੍ਰਜੈਕਟ ਲਈ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ :-

1. ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਈ-ਰਿਕਸ਼ਾ ਚੱਲਣ ਦਾ ਸਮਾਂ ਸਵੇਰੇ 6:00 ਵਜੇ ਤੋਂ ਰਾਤ 8:00 ਵਜੇ ਦਾ ਹੋਵੇਗਾ। ਪੰਜਾਬੀ ਯੂਨੀਵਰਸਿਟੀ ਕੈਂਪਸ ਅੰਦਰ ਈ-ਰਿਕਸ਼ਾ ਦਾ ਰੂਟ One Way ਹੋਵੇਗਾ, ਇਹ ਰਿਕਸ਼ਾ ਜਿਸ ਜਗ੍ਹਾ ਤੋਂ ਚੱਲੇਗਾ, ਉਸ ਜਗ੍ਹਾ ਹੀ ਯੂਨੀਵਰਸਿਟੀ ਦਾ ਚੱਕਰ ਲਗਾ ਕੇ ਵਾਪਸ ਆਵੇਗਾ। ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਈ-ਰਿਕਸ਼ਾ ਸਟੈਂਡ ਹੇਠ ਲਿਖੇ ਅਨੁਸਾਰ ਹੋਣਗੇ ਅਤੇ ਇੱਕ ਵਾਰ ਵਰਤੋਂ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਨੂੰ ਲੋੜ ਅਨੁਸਾਰ ਬਦਲਿਆ ਜਾ ਸਕਦਾ ਹੈ :-

| | | |
|---|---|---|
| ੳ) | ਵੀ.ਆਈ.ਪੀ ਸੈੱਲ | : 01 |
| ਅ) | ਮੇਨ ਗੇਟ ਪਾਰਕਿੰਗ | : 03 |
| ੲ) | ਯੂਨੀਵਰਸਿਟੀ ਕਾਲਜ ਆਫ਼ ਇੰਜੀ. | : 02 |
| ਸ) | ਪ੍ਰੀਖਿਆ ਸ਼ਾਖਾ ਦੇ ਸਾਹਮਣੇ | : 02 |
| ਹ) | ਲੜਕੀਆਂ ਦੇ ਹੋਸਟਲਾਂ ਵਿਖੇ | : 02 |

2. ਪੰਜਾਬੀ ਯੂਨੀਵਰਸਿਟੀ ਕੈਂਪਸ ਅੰਦਰ ਹਾਲ ਦੀ ਘੜੀ ਕੇਵਲ 10 ਈ-ਰਿਕਸ਼ਾ ਚਲਾਏ ਜਾਣਗੇ। ਜੇਕਰ ਬਾਅਦ ਵਿੱਚ ਇਨ੍ਹਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਲੋੜ ਅਨੁਸਾਰ ਵਾਧਾ ਕਰ ਲਿਆ ਜਾਵੇਗਾ।

3. ਜਿਸ ਵਿਅਕਤੀ/ ਫ਼ਰਮ/ਫ਼ਰਮਾਂ ਨੂੰ ਪਾਇਲਟ ਪ੍ਰਜੈਕਟ ਦਿੱਤਾ ਜਾਵੇਗਾ, ਉਸ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ Motor Vehicle Act ਤਹਿਤ/ ਈ ਰਿਕਸ਼ਾ ਸਬੰਧੀ ਨਿਯਮਾਂ ਦੀ ਪਾਲਨਾ ਕੀਤੀ ਜਾਵੇਗੀ। ਜੇਕਰ ਨਿਯਮਾਂ ਦੀ ਉਲੰਘਣਾ ਕੀਤੀ ਜਾਵੇਗੀ ਤਾਂ ਉਸ ਦਾ ਪਾਇਲਟ ਪ੍ਰਜੈਕਟ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਸਬੰਧਿਤ ਫ਼ਰਮ/ਫ਼ਰਮਾਂ ਵੱਲੋਂ ਵੱਲੋਂ ਈ-ਰਿਕਸ਼ੇ ਦਾ ਸਾਰਾ ਰਿਕਾਰਡ ਮੇਨਟੇਨ ਕੀਤਾ ਜਾਵੇਗਾ।

4. ਈ-ਰਿਕਸ਼ਾ ਨੂੰ ਰਾਤ ਸਮੇਂ ਪਾਰਕ ਕਰਨ ਲਈ ਮੇਨ ਗੇਟ ਪਾਰਕਿੰਗ ਵਿੱਚ ਜਗ੍ਹਾ ਮੁਹੱਈਆ ਕਰਵਾਈ ਜਾਵੇਗੀ। ਐਸ.ਡੀ.ਓ ਬਿਜਲੀ ਵੱਲੋਂ ਇਨ੍ਹਾਂ ਨੂੰ ਚਾਰਜ ਕਰਨ ਦੀ ਵਿਵਸਥਾ ਮੁਹੱਈਆ ਕਰਵਾਈ ਜਾਵੇਗੀ ਅਤੇ ਇਨ੍ਹਾਂ ਨੂੰ ਚਾਰਜ ਕਰਨ ਲਈ ਵਰਤੀ ਗਈ ਬਿਜਲੀ ਦੇ ਬਿਲ ਦੀ ਅਦਾਇਗੀ ਹਰ ਮਹੀਨੇ ਸਬੰਧਿਤ ਫ਼ਰਮ/ਫ਼ਰਮਾਂ ਵੱਲੋਂ ਕੀਤੀ ਜਾਵੇਗੀ।

5. ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਵਿਦਿਆਰਥੀਆਂ, ਕਰਮਚਾਰੀਆਂ, ਕਰਮਚਾਰੀਆਂ ਦੇ ਪਰਿਵਾਰਿਕ ਮੈਂਬਰਾਂ ਅਤੇ ਬਾਹਰੋਂ ਆਉਣ ਵਾਲੇ ਵਿਅਕਤੀਆਂ ਨੂੰ ਯੂਨੀਵਰਸਿਟੀ ਕੈਂਪਸ ਅੰਦਰ ਲਿਜਾਣ ਲਈ ਈ ਰਿਕਸ਼ੇ ਡਰਾਈਵਰਾਂ ਸਮੇਤ ਮੁਹੱਈਆ ਕਰਵਾਏ ਜਾਣਗੇ। ਇਨ੍ਹਾਂ ਰਿਕਸ਼ਿਆਂ ਦੀ ਹਰ ਪ੍ਰਕਾਰ ਦੀ ਜ਼ਿੰਮੇਵਾਰੀ ਫ਼ਰਮ/ਫ਼ਰਮਾਂ ਦੀ ਹੋਵੇਗੀ। ਵਿਦਿਆਰਥੀਆਂ /ਕਰਮਚਾਰੀਆਂ ਅਤੇ ਬਾਹਰਲੇ ਵਿਅਕਤੀਆਂ ਤੋਂ ਯੂਨੀਵਰਸਿਟੀ ਵਿਖੇ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਦੇ 10/ਰੁ ਚਾਰਜ ਕੀਤੇ ਜਾਣਗੇ।

6. ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਈ –ਰਿਕਸ਼ੇ ਦਾ ਪਾਇਲਟ ਪ੍ਰਜੈਕਟ ਕੇਵਲ ਛੇ ਮਹੀਨਿਆਂ ਲਈ ਦਿੱਤਾ ਜਾਵੇਗਾ। ਪਾਇਲਟ ਪ੍ਰਜੈਕਟ ਖ਼ਤਮ ਹੋ ਜਾਣ ਉਪਰੰਤ ਜੇਕਰ ਦੋਵੇਂ ਧਿਰਾਂ ਵੱਲੋਂ ਸਹਿਮਤੀ ਪ੍ਰਗਟਾਈ ਜਾਂਦੀ ਹੈ, ਤਾਂ ਇਸ ਯੂਨੀਵਰਸਿਟੀ ਅਥਾਰਿਟੀ ਵੱਲੋਂ ਨਿਰਧਾਰਿਤ ਸਮੇਂ ਲਈ ਵਾਧਾ ਕੀਤਾ ਜਾ ਸਕਦਾ ਹੈ।

ਰਜਿਸਟਰਾਰ